# ਕੋਰੋਨਾਵਯਰ੍ਸ ਮਹਾਮਾਰੀ ਦੇ ਸੰਕਟ ਦੇ ਦੌਰਾਨ ਵਿਸ਼ੇਸ ਰੋਕਥਾਮ

## ਕੈਟਾਲੂਨਯਾ ਦੀ ਸਰਕਾਰ ਦੇ ਸਮਾਨਤਾ ,ਪ੍ਰਵਾਸ ਅਤੇ ਨਾਗਰਿਕਤਾ ਦੇ ਮਹਾਸਚਿਵ :

ਕੈਟਾਲੂਨਯਾ ਦੀ ਸਰਕਾਰ ਦੇ ਕਰਮਚਾਰੀ ਵਿਭਾਗ ਅਤੇ ਸਮਾਜਿਕ ਕਾਰਜ ਅਤੇ ਪਰਿਵਾਰਾਂ ਦੇ ਵਿਭਾਗ ਦੇ ਮਹਾਸਚਿਵ ਦੇ ਫੈਸਲੇ ਅਨੁਸਾਰ 14 ਮਾਰਚ ਨੂੰ, SAR SCoV-2 ਵਾਇਰਸ ਦੇ ਖਿਲਾਫ਼ ,14 ਮਾਰਚ ਦੇ ਰਾਜਸੀ ਹੁਕਮ 463/ 2020 ਨੂੰ ਸਾਹਮਣੇ ਰੱਖਦੇ ਹੋਏ ਜਿਸ ਵਿੱਚ ਕੋਵਿਦ -19 ਦੇ ਕਰਕੇ ਪੈਦਾ ਹੋਏ ਰੋਗਾਣੂ ਸੰਕਟ ਨੂੰ ਅਮਲ ਵਿੱਚ ਲਿਆਉਣ ਲਈ ਸੰਕਟ ਦੀ ਹਾਲਤ ਦੀ ਘੋਸ਼ਣਾ ਕਰਦੇ ਹੋਏ ਅਚਨਚੇਤ ਯੋਜਨਾ ਨੂੰ ਪ੍ਰਵਾਨਗੀ ਦਿੱਤੀ ਹੈ , ਉਸ ਅਨੁਸਾਰ ਇਹ ਸੂਚਨਾ ਦਿੱਤੀ ਜਾਂਦੀ ਹੈ ਕਿ ਕਤਲੂਨਯਾ ਦੀ ਸਰਕਾਰ ਦੇ ਅਧਿਕਾਰ ਅਧੀਨ ਵਿਦੇਸ਼ੀਆਂ ਲਈ ਤਿਆਰ ਕੀਤੀ ਜਾਣ ਵਾਲੀ ਰਿਪੋਰਟ ਅਤੇ ਦਿੱਤੀ ਜਾਣ ਵਾਲੀ ਸੂਚਨਾ ਦੀਆ ਸੇਵਾਵਾਂ ਰੱਦ ਕਰ ਦਿੱਤੀਆਂ ਗਈਆਂ ਹਨ

ਮਿਆਦ ਵੱਧਣ ਨਾਲ ਹੋਰ ਵੀ ਸੰਬੰਧਿਤ ਕਾਰਵਾਈਆਂ ਰੱਦ ਰਹਿਣਗੀਆਂ

ਸਪੈਨਿਸ਼ ਨਾਗਰਿਕਤਾ ਲੈਣ ਲਈ ਤਿਆਰ ਕੀਤੀ ਵਾਲੀ ਏਕੀਕਰਨ ਦੀ ਰਿਪੋਰਟ ( I N A)
ਅਤੇ ਪਹਿਲੇ ਸਵਾਗਤ ਦੀਆਂ ਸੇਵਾਵਾਂ ਦਾ ਪ੍ਰਮਾਣ ਪੱਤਰ ( S I A )

ਪ੍ਰਭਾਵਿਤ ਲੋਕਾਂ ਨੂੰ ਨੁਕਸਾਨ ਤੋਂ ਬਚਾਉਣ ਲਈ 14 ਮਾਰਚ ਤੋਂ **ਵਿਦੇਸ਼ੀਆਂ ਲਈ ਤਿਆਰ ਕੀਤੀ ਜਾਣ ਵਾਲੀ ਰਿਪੋਰਟ (3 ਮਹੀਨੇ ਵਾਲੀ ), ਦੀ ਆਖ਼ਰੀ ਤਰੀਕ ਵੀ ਅਗੇ ਕਰ ਦਿੱਤੀ ਜਾਵੇਗੀ** , ਪਹਿਲਾ ਤੋਂ ਜਾਰੀ ਕੀਤੇ ਪ੍ਰਮਾਣ ਪੱਤਰਾਂ ਦੀ ਤਾਰੀਕ ਖਤਮ ਨਹੀਂ ਮੰਨੀ ਜਾਵੇਂਗੀ ਜਦੋ ਤੱਕ ਕਿ ਸੰਕਟ ਦੀ ਹਾਲਤ ਦੇ ਦਿੱਤੇ ਗਏ ਹੁਕਮ ਦੀ ਮਾਨਤਾ ਖ਼ਤਮ ਨਹੀਂ ਹੋ ਜਾਂਦੀ

ਇਹਨਾਂ ਮਾਮਲਿਆਂ ਨਾਲ ਸੰਬੰਧਿਤ ਕਿਸੀ ਵੀ ਤਰ੍ਹਾਂ ਦੀ ਐਮਰਜੈਂਸੀ ਦੇ ਲਈ ਕੈਟਾਲੂਨਯਾ ਸਰਕਾਰ ਦੀ 'Info-Migració' ਤੇ ਮੌਜੂਦ ਖਾਸ ਸੇਵਾ ਇਸਦੇ ਈ-ਮੇਲ ਐਡਰੈੱਸ infomigracio@gencat.cat ਦੇ ਰਾਹੀਂ ਲੈ ਸਕਦੇ ਹੋ , ਜੋ ਕਿ ਕਿਸੀ ਵੀ ਦਸਤਾਵੇਜ ਦੇ ਲਈ ਦਿੱਤੀ ਗਈ ਨਿਸਚਿਤ ਸਮੇਂ ਸੀਮਾ, ਦੇ ਖ਼ਤਮ ਹੋ ਜਾਣ ਦੀ ਖਾਸ ਹਾਲਤ ਵਿਚ ਇਸ ਮਸਲੇ ਨੂੰ ਹੱਲ ਕਰਨ ਅਤੇ ਕੋਈ ਹਲ ਦੱਸਣ ਦੀ ਕੋਸ਼ਿਸ ਕਰੇਗੀ